14-11-99

3

ਵਿਚਾਰ ਚਰਚਾ

ਖੁਰਦੀਆਂ ਕੰਧਾਂ

(ਸਮਾਜਕ ਬਰਾਬਰੀ ਲਈ ਮਿੰਨੀ ਕਹਾਣੀ ਦੀ ਭੂਮਿਕਾ)

ਗੁਰਸ਼ਰਨ ਸਿੰਘ

ਅੱਜ ਸਮਾਜਕ ਬਰਾਬਰੀ ਦਾ ਸ਼ਬਦ ਦੁਨੀਆ ਵਿਚ ਸਾਰਿਆਂ ਨਾਲੋਂ ਮਹੱਤਵਪੂਰਨ ਸ਼ਬਦ ਗਿਣਿਆ ਜਾਂਦਾ ਹੈ। ਬਰਾਬਰੀ ਦਾ ਮਤਲਬ ਹੈ ਕਿ ਹਰ ਵਿਅਕਤੀ ਜੋ ਕਿਸੇ ਦੇਸ਼ ਵਿਚ ਜਨਮ ਲੈਂਦਾ ਹੈ, ਉਸ ਨੂੰ ਉਸ ਦੇਸ਼ ਵਿਚ ਅੱਗੇ ਵਧਣ ਦੀਆਂ ਬਰਾਬਰ ਦੀਆਂ ਸਹੂਲਤਾਂ ਮੁਹੱਈਆ ਹੋਣ। ਜਿਹੜਾ ਸਮਾਜ ਉਹ ਸਹੂਲਤਾਂ ਮੁਹੱਈਆ ਨਹੀਂ ਕਰਵਾ ਸਕਦਾ, ਉਹ ਪਛੜਿਆ ਹੋਇਆ ਸਮਾਜ ਹੈ। ਇਸ ਲਿਹਾਜ਼ ਨਾਲ ਭਾਰਤ ਇਕ ਪਛੜਿਆ ਹੋਇਆ ਸਮਾਜ ਹੈ। ਭਾਰਤ ਦੇ ਲੋਕਾਂ ਨੇ ਇਹ ਪਛੜਾਪਨ ਦੂਰ ਕਰਨ ਲਈ ਸੰਘਰਸ਼ ਕਰਨਾ ਹੀ ਕਰਨਾ ਹੈ। ਇਹ ਇੱਕੀਵੀਂ ਸਦੀ ਦੀ ਸਭ ਤੋਂ ਵੱਡੀ ਚੁਣੌਤੀ ਹੋਵੇਗੀ। ਇਸ ਸੰਘਰਸ਼ ਲਈ ਲੋਕਾਂ ਨੂੰ ਚੇਤਨ ਕਰਨਾ ਸਾਹਿਤ ਦੇ ਵੱਡੇ ਫਰਜ਼ਾਂ ਵਿਚੋਂ ਇਕ ਫਰਜ਼ ਹੈ। ਪੰਜਾਬ ਦੇ ਕੁਝ ਲੇਖਕਾਂ ਨੇ ਸਮਾਜਿਕ ਬਰਾਬਰੀ ਲਈ ਇਕ ਚਿੰਤਨ ਮੰਚ ਦੀ ਸਥਾਪਨਾ ਕੀਤੀ ਹੈ। ਇਸ ਦਾ ਉਦੇਸ਼ ਹੈ ਕਿ ਬਰਾਬਰੀ ਦੇ ਨਿਸ਼ਾਨੇ ਲਈ ਪ੍ਰਤੀਬੱਧ ਸਾਹਿਤ ਨੂੰ ਲੋਕਾਂ ਵਿਚ ਲਿਜਾਇਆ ਜਾਏ। 'ਖੁਰਦੀਆਂ ਕੰਧਾਂ' ਮਿੰਨੀ ਕਹਾਣੀ ਸੰਗ੍ਰਹਿ ਇਸ ਦੀ ਇਕ ਮਿਸਾਲ ਹੈ। ਇਹ ਚਿੰਤਨ ਮੰਚ ਦੀ ਦੇਣ ਹੈ।

'ਖੁਰਦੀਆਂ ਕੰਧਾਂ' ਡਾ. ਸ਼ਿਆਮ ਸੁੰਦਰ ਦੀਪਤੀ, ਸ਼ਿਆਮ ਸੁੰਦਰ ਅਗਰਵਾਲ ਅਤੇ ਬਿਕਰਮਜੀਤ ਨੂਰ ਵੱਲੋਂ ਸਾਂਝੇ ਤੌਰ 'ਤੇ ਸੰਪਾਦਿਤ ਮਿੰਨੀ ਕਹਾਣੀ ਸੰਗ੍ਰਹਿ ਹੈ। ਇਸ ਵਿਚ ਸੌ ਤੋਂ ਵੱਧ ਮਿੰਨੀ ਕਹਾਣੀਆਂ ਸ਼ਾਮਲ ਹਨ। ਇਹ ਸਾਰੀਆਂ ਕਹਾਣੀਆਂ ਤਿੱਖੀਆਂ ਸਮਾਜਿਕ ਸਭਿਆਚਾਰਕ ਵੰਡੀਆਂ ਦੇ ਸੱਚ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕਰਦੀਆਂ ਹਨ। ਅੱਜ ਦੇ ਯੁੱਗ ਵਿਚ ਮਿੰਨੀ ਕਹਾਣੀ ਦੀ ਵਿਧਾ ਸਮਾਜਕ ਸਚਾਈਆਂ ਨੂੰ ਦੱਸਣ ਦੀ ਇਕ ਬੜੀ ਅਸਰਦਾਇਕ ਵਿਧਾ ਹੈ, ਕਿਉਂਕਿ ਬਗੈਰ ਕਿਸੇ ਭੂਮਿਕਾ ਦੇ ਇਹ ਪਾਠਕਾਂ ਦੇ ਚਿੰਤਨ 'ਤੇ ਸਿੱਧੀ ਸੱਟ ਮਾਰਦੀ ਹੈ।

ਰੋਸ ਤੇ ਰੋਹ ਪੈਦਾ ਕਰਦੀ ਹੈ। ਇਹ ਕਹਾਣੀਆਂ ਸਮਾਜਕ ਵੰਡੀਆਂ (ਕੰਧਾਂ) ਨੂੰ ਖੁਰਦੀਆਂ ਵੇਖਣ ਦੇ ਇੱਛਿਤ ਯਥਾਰਥ ਵੱਲ ਇਸ਼ਾਰਾ ਕਰਦੀਆਂ ਹਨ। ਖੁਰਦੀਆਂ ਕੰਧਾਂ ਸੰਗ੍ਰਹਿ ਸਮਾਜਿਕ ਨਾਬਰਾਬਰੀ ਨੂੰ ਰੂਪਮਾਨ ਕਰਦਾ ਹਿੰਦੀ ਲਘੂ ਕਥਾਵਾਂ ਅਤੇ ਪੰਜਾਬੀ ਮਿੰਨੀ ਕਹਾਣੀਆਂ ਦਾ ਸੰਗ੍ਰਹਿ ਹੈ। ਇਸ ਦੀਆਂ ਸੌ ਤੋਂ ਵੀ ਵੱਧ ਰਚਨਾਵਾਂ, ਸਾਡੇ ਸਮਾਜ ਵਿਚ ਫੈਲੇ ਜਾਤ-ਪਾਤ, ਆਰਥਿਕ ਨਾਬਰਾਬਰੀ, ਨੌਕਰ-ਮਾਲਕ ਵਿਚ ਭੇਦ ਅਤੇ ਲਿੰਗਕ ਅਸਾਵੇਂਪਨ ਨੂੰ ਰੂਪਮਾਨ ਕਰਦੀਆਂ ਹਨ। ਕਿਸੇ ਵੇਲੇ ਪ੍ਰੀਤਲੜੀ ਵਿਚ ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਕਾਲਮ 'ਰੋਸ਼ਨ ਜ਼ਿੰਦਗੀ ਦੀ ਸਿੱਖਿਆ' ਇਹ ਮੰਤਵ ਪੂਰਾ ਕਰਦਾ ਸੀ, ਹੁਣ ਮਿੰਨੀ ਕਹਾਣੀਆਂ ਬਹੁਤ ਹੱਦ ਤੱਕ ਇਹ ਭੂਮਿਕਾ ਨਿਭਾਉਂਦੀਆਂ ਹਨ। ਪਾਠਕਾਂ ਦਾ ਮਿੰਨੀ ਕਹਾਣੀ ਇਸੇ ਸੰਦਰਭ ਵਿਚ ਪੜ੍ਹਨਾ ਬਣਦਾ ਹੈ। ਕੁਝ ਕਹਾਣੀਆਂ ਪੇਸ਼ ਹਨ :

1. ਭਾਗਾਂ ਨਾਲ/ਅੰਕੁਸ਼ੀ : ਕੁੱਤੇ ਦੀ ਤਬੀਅਤ ਕੱਲ੍ਹ ਰਾਤ ਤੋਂ ਖਰਾਬ ਸੀ। ਅੱਜ ਵੀ ਉਹਨੇ ਰੋਟੀਆਂ ਸੁੰਘ ਕੇ ਛੱਡ ਦਿੱਤੀਆਂ ਸਨ। ਸਾਹਬ ਨੇ ਚਿੰਤਾ ਨਾਲ ਨੌਕਰ ਨੂੰ ਕਿਹਾ, 'ਕੱਲ੍ਹ ਰਾਤ ਵੀ ਉਹਨੇ ਕੁਝ ਨਹੀਂ ਖਾਧਾ ਸੀ, ਅੱਜ ਵੀ ਰੋਟੀਆਂ ਸੁੱਟ ਕੇ ਤੂੰ ਡਾਕਟਰ ਮਲਹੋਤਰਾ ਨੂੰ ਬੁਲਾ ਲਿਆ।'

ਮੱਖਣ ਨਾਲ ਚੋਪੜੀਆਂ ਰੋਟੀਆਂ ਵਿਚੋਂ ਖ਼ਸ਼ਬੂ ਆ ਰਹੀ ਸੀ। ਨੌਕਰ ਨੇ ਉਹਨਾਂ ਨੂੰ ਸੁੱਟਣ ਦੀ ਬਜਾਏ ਬਾਗ ਵਿਚ ਲੁਕੋ ਦਿੱਤਾ। ਕੱਲ੍ਹ ਰਾਤ ਦੀਆਂ ਕੁੱਤੇ ਵੱਲੋਂ ਸੁੰਘ ਕੇ ਛੱਡੀਆਂ ਗਈਆਂ ਰੋਟੀਆਂ, ਉਹ ਸੁੱਟਣ ਦੀ ਥਾਂ ਘਰ ਲੈ ਗਿਆ ਸੀ। ਲੁਕੋਈਆਂ ਹੋਈਆਂ ਰੋਟੀਆਂ ਲੈ ਕੇ ਜਦੋਂ ਉਹ ਘਰ ਪਹੁੰਚਿਆ ਤਾਂ ਬੜਾ ਖੁਸ਼ ਸੀ। ਉਹਦਾ ਪੰਜਾਂ ਵਰ੍ਹਿਆਂ ਦਾ ਪੁੱਤਰ ਪਿਛਲੇ ਤਿੰਨ ਦਿਨਾਂ ਤੋਂ ਬਿਮਾਰ ਸੀ। ਉਹਨੇ ਰੋਟੀਆਂ ਪੁੱਤਰ ਨੂੰ ਦੇ ਦਿੱਤੀਆਂ। ਰੋਟੀਆਂ ਦੇਖ ਕੇ ਉਹਦੀ ਪਤਨੀ ਸਮਝ ਗਈ ਕਿ ਸਾਹਬ ਦੇ ਕੁੱਤੇ ਦੀ ਬਿਮਾਰੀ ਅਜੇ ਠੀਕ ਨਹੀਂ ਹੋਈ। ਉਸਨੇ ਪੁੱਛਿਆ, 'ਕੁੱਤੇ ਬਾਰੇ ਡਾਕਟਰ ਨੇ ਕੀ ਕਿਹਾ?' 'ਡਾਕਟਰ ਨੇ ਕੁੱਤੇ ਨੂੰ ਨਾਸ਼ਤਾ ਰੋਟੀ ਦਿੰਦੇ ਰਹਿਣ ਲਈ ਕਿਹਾ।' ਉਹਨੇ ਕਿਹਾ ਕਿ ਕੁੱਤਾ ਦਿਨ-ਚਾਰ ਦਿਨਾਂ 'ਚ ਠੀਕ ਹੋਜੂਗਾ।

ਫਿਰ ਤਾਂ ਠੀਕ ਐ, ਪਤਨੀ ਦੇ ਚਿਹਰੇ ਉੱਤੇ ਖੁਸ਼ੀ ਚਮਕ ਰਹੀ ਸੀ। 'ਉਦੋਂ ਤੱਕ ਸਾਡਾ ਰਾਮੂ ਵੀ ਠੀਕ ਹੋ ਜੂ' ਕੁਝ ਰੁਕਦੇ ਉਹਨੇ ਅੱਗੇ ਕਿਹਾ 'ਰਾਮੂ ਦੇ ਭਾਗਾਂ ਨਾਲ ਹੀ ਸਾਬ੍ਹ ਦਾ ਕੁੱਤਾ ਬਿਮਾਰ ਪਿਐ।'

2. ਲੱਛਮੀ-ਕੁਲੱਛਮੀ/ਰਤਨ ਚੰਦ ਨਿਰਭਰ : ਵਹੁਟੀ ਨੇ ਸਹੁਰੇ ਘਰ ਪ੍ਰਵੇਸ਼ ਕੀਤਾ। ਪਿੰਡ ਦੀਆਂ ਔਰਤਾਂ ਨੇ ਵਹੁਟੀ ਦੇ ਨਾਲ ਆਏ ਦਾਜ ਨੂੰ ਦੇਖ ਕੇ ਤਾਰੀਫ਼ਾਂ ਦੇ ਪੁਲ ਬੰਨ੍ਹ ਦਿੱਤੇ। ਫੁੱਲਕੇ ਕੁੱਪਾ ਹੋਈ ਸੱਸ ਵੀ ਬੋਲੀ–'ਮੇਰੇ ਘਰ ਤਾਂ ਸਾਖਿਆਤ ਲੱਛਮੀ ਆਈ ਐ।'

ਰਾਤੀਂ ਪਤੀ ਦੇਵ ਵਿਆਹ ਦੀ ਖੁਸ਼ੀ ਵਿਚ ਦੋਸਤਾਂ ਨਾਲ ਬਹਿ ਕੇ ਖੂਬ ਦਾਰੂ ਛਕ ਗਏ। ਨਕਲੀ ਸ਼ਰਾਬ ਨੇ ਉਹਦੀ ਜਾਨ ਲੈ ਲਈ।

ਘਰ ਵਿਚ ਕੋਹਰਾਮ ਮਚ ਗਿਆ। ਖ਼ਬਰ ਮਿਲਦੇ ਹੀ ਸੱਸ ਛਾਤੀ ਪਿੱਟਦੀ ਜ਼ੋਰ-ਜ਼ੋਰ ਨਾਲ ਕਹਿ ਰਹੀ ਸੀ–'ਹਾਏ ਇਹ ਕੁਲੱਛਣੀ ਆਉਂਦੇ ਹੀ ਮੇਰੇ ਪੁੱਤ ਨੂੰ ਖਾ ਗਈ।'

3. ਖੁੱਲ੍ਹੀ ਕਿਤਾਬ/ਸਤੀਸ਼ ਰਾਠੀ : ਉਹ ਸਦਾ ਆਪਣੀ ਪਤਨੀ ਨੂੰ ਕਹਿੰਦਾ ਰਹਿੰਦਾ 'ਜਾਨੇਮਨ ਮੇਰੀ ਜ਼ਿੰਦਗੀ ਤਾਂ ਇਕ ਖੁੱਲ੍ਹੀ ਕਿਤਾਬ ਐ, ਜੋ ਚਾਹੇ ਉਹ ਪੜ੍ਹ ਲਓ' ਅਤੇ ਇਸੇ ਖੁੱਲ੍ਹੀ ਕਿਤਾਬ ਦੇ ਬਹਾਨੇ ਉਹ ਉਸ ਨੂੰ ਕਾਲਜ ਵਿਚ ਕੀਤੇ ਗਏ ਫਲਰਟ ਦੇ ਕਿੱਸੇ ਸੁਣਾਉਂਦਾ, ਤੇ ਕਦੇ-ਕਦੇ ਉਸ ਜ਼ਮਾਨੇ ਦੀ ਕਿਸੇ ਪ੍ਰੇਮਿਕਾ ਦੀ ਫੋਟੋ ਦਿਖਾ ਕੇ ਕਹਿੰਦਾ 'ਇਹ ਸ਼ੀਲਾ ਉਸ ਜ਼ਮਾਨੇ 'ਚ ਜਾਨ ਵਾਰਦੀ ਸੀ ਮੇਰੇ 'ਤੇ। ਹੁਣ ਤਾਂ ਦੋ ਬੱਚਿਆਂ ਦੀ ਮਾਂ ਬਣ ਗਈ ਹੋਵੇਗੀ।'

ਪਤਨੀ ਸਦਾ ਉਹਦੀਆਂ ਗੱਲਾਂ ਉੱਤੇ ਚੁੱਪ ਰਹਿ ਮੁਸਕਰਾਉਂਦੀ ਰਹਿੰਦੀ। ਉਹਦੀ ਚੁੱਪ ਤੇ ਉਹ ਇਕ ਪ੍ਰਸ਼ਨ ਕਰ ਹੀ ਬੈਠਾ 'ਯਾਰ ਸ਼ਸ਼ੀ, ਮੈਂ ਤਾਂ ਸਦਾ ਆਪਣੀ ਜ਼ਿੰਦਗੀ ਦੇ ਸਫ਼ੇ ਖੋਲ੍ਹ-ਖੋਲ੍ਹ ਕੇ ਤੇਰੇ ਸਾਹਮਣੇ ਰੱਖ ਦਿੰਨੈਂ ਤੂੰ ਐ ਕਿ ਬਸ ਚੁੱਪ-ਚਾਪ ਮੁਸਕਰਾਉਂਦੀ ਰਹਿਨੀਂ ਐਂ।'

ਮੁਸਕਰਾਉਂਦੀ ਪਤਨੀ ਇਕ ਦਮ ਗੰਭੀਰ ਹੋ ਗਈ। ਫਿਰ ਬੋਲੀ "ਮੈਂ ਤਾਂ ਤੁਹਾਡੀ ਜ਼ਿੰਦਗੀ ਦੀ ਕਿਤਾਬ ਪੜ੍ਹ, ਸੁਣ ਕੇ ਸਦਾ ਮੁਸਕਰਾਉਂਦੀ ਰਹੀ ਹਾਂ। ਤੁਸੀਂ ਇਕ ਗੱਲ ਦੱਸੋ ਮੇਰੀ ਜ਼ਿੰਦਗੀ ਦੀ ਕਿਤਾਬ 'ਚ ਵੀ ਜੇਕਰ ਅਜਿਹੇ ਹੀ ਕੁਝ ਸੁਨਹਿਰੇ ਪੰਨੇ ਨਿਕਲ ਆਉਣ ਤਾਂ ਕੀ ਤੁਸੀਂ ਵੀ ਇਸੇ ਤਰ੍ਹਾਂ ਹੀ ਮੁਸਕਰਾਉਂਦੇ ਰਹਿ ਸਕੋਗੇ?'

ਹੁਣ ਪਤੀ ਦੇ ਚਿਹਰੇ ਉੱਪਰ ਲੰਮੀ ਚੁੱਪ ਪਸਰ ਗਈ ਸੀ।

4. ਬੂਟ/ਸੁਖਵੰਤ ਸਿੰਘ ਮਰਵਾਹਾ : ਨਿਰਮਲ ਅੱਜ ਪਿੰਡੋਂ ਬੂਟ ਖਰੀਦਣ ਸ਼ਹਿਰ ਆਇਆ ਸੀ। ਨਾਲ ਹੀ ਉਹਨਾਂ ਦਾ ਸੀਰੀ ਭਿੰਦਾ ਵੀ ਸੀ। ਭਿੰਦਾ ਨਿਰਮਲ ਦਾ ਹਮ-ਉਮਰ ਸੀ ਤੇ ਦੋਹਾਂ ਦੀ ਚੰਗੀ ਨਿਭਦੀ ਸੀ।

ਬੂਟਾਂ ਵਾਲੀ ਦੁਕਾਨ ਉੱਪਰ ਬੂਟਾਂ ਦਾ ਜੋੜਾ ਪਸੰਦ ਕਰਨ ਉਪਰੰਤ ਨਿਰਮਲ ਨੇ ਪੈਰੀਂ ਪਾ ਲਿਆ। ਉਸ ਨੇ ਦੁਕਾਨਦਾਰ ਨੂੰ ਆਪਣੇ ਬੂਟ ਡੱਬੇ ਵਿਚ ਪਾ ਦੇਣ ਲਈ ਕਿਹਾ।

ਦੁਕਾਨਦਾਰ ਬੋਲਿਆ, 'ਸਰਦਾਰ ਜੀ, ਇਹਨਾਂ ਦਾ ਕੀ ਪੈਕ ਕਰਨਾ। ਹੁਣ ਤਾਂ ਬੇਕਾਰ ਈ ਨੇ। ਕਹੋ ਤਾਂ ਸੁੱਟ ਦੇਈਏ।'

ਨਿਰਮਲ ਹਾਂ ਕਰਨ ਹੀ ਵਾਲਾ ਸੀ ਕਿ ਭਿੰਦੇ ਨੂੰ ਆਪਣੇ ਵੱਲ ਝਾਕਦੇ ਦੇਖਕੇ ਚੁੱਪ ਕਰ ਗਿਆ। ਭਿੰਦੇ ਨੇ ਪੁਰਾਣੇ ਬੂਟ ਦੁਕਾਨਦਾਰ ਤੋਂ ਫੜ ਆਪਣੇ ਪੈਰਾਂ ਵਿਚ ਪਾ ਲਏ ਅਤੇ ਆਪਣੇ ਟੁੱਟੇ ਜਿਹੇ ਬੂਟ ਦੁਕਾਨਦਾਰ ਨੂੰ ਫੜਾਉਂਦਿਆਂ ਕਿਹਾ 'ਇਹਨਾਂ ਨੂੰ ਡੱਬੇ 'ਚ ਪਾ ਦੇ, ਛੋਟਾ ਪਾ ਲੂ, ਠੰਡ 'ਚ ਨੰਗੇ ਪੈਰੀਂ ਫਿਰਦੈ।'

ਸਮਾਜਕ ਨਾਬਰਾਬਰੀ ਦੇ ਵਿਰੁੱਧ ਸੰਘਰਸ਼ ਅੱਜ ਸਮੇਂ ਦੀ ਲੋੜ ਹੈ। 21ਵੀਂ ਸਦੀ ਵਿਚ ਸਾਹਿਤਕਾਰਾਂ ਅੱਗੇ ਇਹ ਚੁਣੌਤੀ ਹੈ ਕਿ ਉਹਨਾਂ ਨੇ ਇਸ ਸੰਘਰਸ਼ ਵਿਚ ਹਾਂ-ਪੱਖੀ ਭੂਮਿਕਾ ਨਿਭਾਉਣੀ ਹੈ। ਇਹਦੇ ਲਈ ਮਿੰਨੀ ਕਹਾਣੀ ਸਾਰਿਆਂ ਨਾਲੋਂ ਸਾਰਥਕ ਵਿਧਾ ਹੈ। ਖੁਰਦੀਆਂ ਕੰਧਾਂ ਸਮਾਜਕ ਨਾਬਰਾਬਰੀ ਦੇ ਵਰਤਾਰੇ ਦਾ ਦਸਤਾਵੇਜ਼ੀ ਸਬੂਤ ਹਨ। ਇਹ ਤੁਹਾਡੀ ਸੋਚ ਨੂੰ ਝੰਜੋੜਦੀਆਂ ਹਨ।